**BCM SCHOOL BASANT AVENUE DUGRI ROAD LUDHIANA**

**ASSIGNMENT OF AUGUST MONTH**

**CLASS-IX SUBJECT-PUNJABI**

**1.ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।**

ਪਰੰਪਰਾਗਤ ਮੇਲੇ ਅਕਸਰ ਤਿੰਨ ਪੜਾਵਾਂ ਵਿਚੋਂ ਗੁਜ਼ਰਦੇ ਰਹੇ ਹਨ । ਹਰ ਇਕ ਮੇਲੇ ਦਾ ਪਹਿਲਾ ਪੜਾਅ ਮੇਲੇ ਨਾਲ ਸੰਬੰਧਿਤ ਪੀਰ-ਫ਼ਕੀਰ, ਦੇਵੀ ਜਾਂ ਦੇਵਤੇ ਦੀ ਪੂਜਾ-ਪ੍ਰਤਿਸ਼ਠਾ ਨਾਲ ਜੁੜਿਆ ਰਿਹਾ ਹੈ । ਇਹ ਮੇਲੇ ਦਾ ਪਹਿਲਾ ਦਿਨ ਹੁੰਦਾ ਹੈ । ਇਸ ਦਿਨ ਮੇਲੇ ਵਿਚ ਔਰਤਾਂ ਦੀ ਸ਼ਮੂਲੀਅਤ ਵਧੇਰੇ ਹੁੰਦੀ ਹੈ । ਮੇਲੇ ਵਾਲੇ ਅਸਥਾਨ ਨਾਲ ਸੰਬੰਧਿਤ ਦੇਵਤਾ ਨੂੰ ਭੋਗ ਲਗਵਾਉਣ ਲਈ ਹਰ ਇਕ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਖਾਣ-ਪਕਵਾਨ ਤਿਆਰ ਕਰ ਕੇ ਲਿਆਉਂਦਾ ਹੈ । ਹੌਲੀ-ਹੌਲੀ ਇਹ ਖਾਣ-ਪਕਵਾਨ ਸੀਤ ਪ੍ਰਸਾਦਿ ਨਾ ਰਹਿ ਕੇ ਹਰ ਇਕ ਘਰ ਦੀ ਪਹੁੰਚ-ਪਰੋਖੋ ਦਾ ਪ੍ਰਦਰਸ਼ਨ ਕਰਨ ਲੱਗ ਜਾਂਦੇ ਹਨ । ਸ਼ਰੀਕੇ, ਕਬੀਲੇ, ਅਥਵਾ ਭਾਈਚਾਰੇ ਵਿਚ ਆਪਣੇ ਆਪ ਨੂੰ ਉੱਚਾ ਦਰਸਾਉਣ ਲਈ ਹਰ ਘਰ ਆਪਣੇ ਵਿੱਤ ਅਨੁਸਾਰ ਪਕਵਾਨ ਤਿਆਰ ਕਰਦਾ ਹੈ । ਮਹਿੰਗੇ ਮੁੱਲ ਦੇ ਕੱਪੜੇ ਪਹਿਨਦੇ ਹਨ । ਮੇਲੇ ਜਾਣ ਲਈ ਹਰ ਪਰਿਵਾਰ ਚੰਗੀ ਸਵਾਰੀ ਦਾ ਪ੍ਰਯੋਗ ਵੀ ਕਰਦਾ ਹੈ । ਇਸ ਦ੍ਰਿਸ਼ਟੀ ਤੋਂ ਪਰੰਪਰਾਗਤ ਮੇਲੇ ਅਣ-ਐਲਾਨੇ ਢੰਗ ਨਾਲ ਆਪਣੀ-ਆਪਣੀ ਭਾਗਵਾਨੀ ਦਾ ਰੋਅਬ ਬਿਠਾਉਣ ਦਾ ਸਬੱਬ ਵੀ ਬਣਦੇ ਰਹੇ ਹਨ

*ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ|

1. ਕਿਹੜੀ ਚੀਜ਼ ਸੀਤ ਪ੍ਰਸ਼ਾਦ ਨਹੀਂ ਹੈ?

2. ਕਿਹੜੀ ਚੀਜ਼ ਦੇ ਵੱਖ-ਵੱਖ ਪੜਾਅ ਹਨ ਅਤੇ ਕਿੰਨੇ?

3. ਮੇਲੇ ਦਾ ਪਹਿਲਾ ਪੜਾਅ ਕਿਸ ਚੀਜ਼ ਨਾਲ ਜੁੜਿਆ ਹੁੰਦਾ ਹੈ?

4. ਅਜੋਕੇ ਸਮੇਂ ਵਿੱਚ ਪੁਰਾਤਨ ਮੇਲੇ ਕਿਸ ਚੀਜ਼ ਦੀ ਪੇਸ਼ਕਾਰੀ ਕਰਦੇ ਹਨ?

5. ਨਿੱਘ, ਆਧੁਨਿਕ, ਦਾਨਵ, ਬੇਇੱਜ਼ਤ ਸ਼ਬਦਾਂ ਦੇ ਸਹੀ ਵਿਰੋਧੀ ਅਰਥ ਲੱਭ ਕੇ ਲਿਖੋ|

**2.ਵਿਸਮਿਕ ਤੇ ਕਿਸਮਾਂ**

_____! ਅੱਜ ਕੀੜੀ ਦੇ ਘਰ ਨਾਰਾਇਣ ਆਏ ਹਨ| ਅੱਜ ਭਾਗਾਂ ਵਾਲਾ ਦਿਨ ਹੈ | _______ ! ਗੁਰੂ ਦੀ ਇੰਨੀ ਕਿਰਪਾ ਹੋਈ ਹੈ ਕਈ ਸਾਲਾਂ ਤੋਂ ਮੇਰੇ ਮਨ ਦੀ ਇਹ ਇੱਛਾ ਸੀ ਕਿ ਮੇਰੇ ਘਰ ਵਿੱਚ ਇਹ ਚੰਗਾ ਦਿਨ ਆਵੇ। _____ ! ਕਿੰਨਾ ਸੁਹਾਵਣਾ ਮੌਸਮ ਹੋ ਗਿਆ ਹੈ ਇਸੇ ਖੁਸ਼ੀ ਵਿਚ _______ ! ਅੱਜ ਘਰ ਵਿੱਚ ਸਵਾਦਿਸ਼ਟ ਪਕਵਾਨ ਬਣਾਓ। _____ ! ਇਹ ਜਵਾਕ ਇੱਥੇ ਰੌਲਾ ਪਾਉਂਦੇ ਫਿਰ ਰਹੇ ਹਨ। ਇਸ ਖੁਸ਼ੀ ਦੇ ਦਿਹਾੜੇ ਵਿੱਚ ______ ! ਮੇਰੇ ਪਤੀ ਘਰ ਵਿੱਚ ਨਹੀਂ ਹਨ।

**ਉਪਰੋਕਤ ਪੈਰੇ ਵਿੱਚ ਹੇਠ ਲਿਖੇ ਵਿਸਮਿਕ ਸ਼ਬਦਾਂ ਨੂੰ ਚੁਣ ਕੇ ਲਿਖੋ।**

ਭਲਾ ਹੋਵੇ,ਧੰਨ ਭਾਗ,ਨੀਂ ਕੁੜੀਓ,ਅਫ਼ਸੋਸ,ਫਿੱਟੇ ਮੂੰਹ,ਆਹਾ

**3. 'ੲ' ਵਾਲੇ ਮੁਹਾਵਰੇ ( ਅਰਥ ਦਸ ਕੇ ਵਾਕ ਬਣਾਓ )**

- ਇੱਟ ਘੜੇ ਦਾ ਵੈਰ
- ਇੱਕੋ ਦਗੇ ਪਿੰਡ ਮੰਗਣਾ
- ਈਨ ਮੰਨਣੀ
- ਇੱਟ ਖੜਿਕਾ ਹੋਣਾ

**4. ਅਤਿ ਛੋਟੇ ਪ੍ਰਸ਼ਨ ਉੱਤਰ ( ਮੈਂ ਪੰਜਾਬੀ, ਸਿਰਜਣਾ )**

1. ਫ਼ਿਰੋਜ਼ਦੀਨ ਸ਼ਰਫ ਮੂਲ ਰੂਪ ਵਿੱਚ ਕਿੱਥੋਂ ਦੇ ਰਹਿਣ ਵਾਲੇ ਸਨ?

2. ਫਿਰੋਜ਼ਦੀਨ ਸ਼ਰਫ ਨੇ ਕਿੰਨੀ ਉਮਰ ਵਿੱਚ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ?

3. ਛਿੱਕੇ ਟੰਗਣਾ ਮੁਹਾਵਰੇ ਦਾ ਅਰਥ ਕੀ ਹੈ?

4. ਕਵੀ ਅਨੁਸਾਰ ਯੂ.ਪੀ. ਵਿੱਚ ਗੱਲਾਂ ਕਰਨ ਤੋਂ ਕੀ ਭਾਵ ਹੈ?

5. ਬੀਜੀ ਆਪਣੀ ਜ਼ਮੀਨ ਜਾਇਦਾਦ ਕਿਸ ਦੇ ਨਾਂ ਲਾਉਣ ਦਾ ਰੋਅਬ ਪਾਉਂਦੀ ਹੈ?

6. ਪਾਲੀ ਭੁਪਿੰਦਰ ਸਿੰਘ ਵੱਲੋਂ ਕਿਹੜਾ ਪਾਠ ਲਿਖਿਆ ਗਿਆ ਹੈ?

7. ਬੀਜੀ ਤੇ ਸਿਰਜਣਾ ਕਲੀਨਿਕ ਕਿਉਂ ਜਾਂਦੀਆਂ ਹਨ?

8. ‘ਇਕੱਲੀ ਤਾਂ ਮੈਂ ਸੀ| ਇਕੱਲੀ ਤਾਂ ਮੈਂ ਸੀ ਬੀਜੀ ਹੁਣ ਤਕ|’ ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?